# 5

## ਸਵਾਲ:

# ‘‘ਰਸੂਲਾਂ ਦਾ ਕੋਈ ਨਮੂਨਾ ਮੰਨਣਾ ਕਦੋਂ ਜ਼ਰੂਰੀ ਹੁੰਦਾ ਹੈ?’’

## ਜਵਾਬ:

ਖ਼ੁਦਾਈ ਨਮੂਨੇ ਬਾਰੇ ਆਮ ਤੌਰ ਤੇ ਇਹ ਸਵਾਲ ਉੱਠਦਾ ਹੈ ਕਿ ‘‘ਰਸੂਲਾਂ ਵੱਲੋਂ ਦਿੱਤਾ ਗਿਆ ਕੋਈ ਨਮੂਨਾ ਮੰਨਣਾ ਕਦੋਂ ਜ਼ਰੂਰੀ ਹੰਦਾ ਹੈ?’’ ਬਾਈਬਲ ਇਹ ਸਾਫ਼ ਕਰਦੀ ਹੈ ਕਿ ਸਾਡੇ ਪ੍ਰਭੂ ਦੇ ਰਸੂਲਾਂ ਨੇ ਜੋ ਕੁਝ ਵੀ ਬੰਨ੍ਹਿਆ ਅਤੇ ਖੋਲ੍ਹਿਆ ਉਹ ਨਿਆਂ ਵਾਲੇ ਦਿਨ ਉਵੇਂ ਹੀ ਰਹੇਗਾ (ਮੱਤੀ 16:19; 18:18)। ਇਹ ਵੇਖ ਕੇ ਕਿ ਰਸੂਲਾਂ ਨੇ ਹੈਕਲ ਵਿਚ (ਰਸੂਲਾਂ ਦੇ ਕੰਮ 2:46), ਪਾਠਸ਼ਾਲਾ ਵਿਚ (ਰਸੂਲਾਂ ਦੇ ਕੰਮ 19:9), ਘਰਾਂ ਵਿਚ (ਰਸੂਲਾਂ ਦੇ ਕੰਮ 5:42) ਅਤੇ ਇੱਥੋਂ ਤਕ ਕਿ ਦਰਿਆ ਕੰਢੇ ਵੀ (ਰਸੂਲਾਂ ਦੇ ਕੰਮ 16:13) ਵਚਨ ਸੁਣਾਉਣ ਦੇ ਨਮੂਨੇ ਦਿੱਤੇ ਹਨ, ਸਾਨੂੰ ਇਹ ਪੁੱਛਣ ਦੀ ਲੋੜ ਨਹੀਂ ਹੋਵੇਗੀ ਕਿ ‘‘ਰਸੂਲਾਂ ਵੱਲੋਂ ਦਿੱਤਾ ਗਿਆ ਕੋਈ ਨਮੂਨਾ ਕਦੋਂ ਮੰਨਣਾ ਜ਼ਰੂਰੀ ਹੁੰਦਾ ਹੈ?’’ ਅਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਚਨ ਸੁਣਾ ਸਕਦੇ ਹਾਂ।

ਖ਼ੁਦਾ ਚਾਹੁੰਦਾ ਹੈ ਕਿ ਉਸ ਦੀ ਮਰਜ਼ੀ ਨੂੰ ਸਮਝਣ ਲਈ ਅਸੀਂ ਉਸ ਦੇ ਵਚਨ ਦਾ ਅਧਿਐਨ ਕਰੀਏ (1 ਤਿਮੋਥਿਉਸ 4:13; ਅਫ਼ਸੀਆਂ 5:17)। ਕੁਝ ਮਾਮਲਿਆਂ ਵਿਚ ਸਾਨੂੰ ਆਪੇ ਹੀ ਫ਼ੈਸਲਾ ਲੈਣਾ ਹੁੰਦਾ ਹੈ ਕਿ ਸਹੀ ਕੀ ਹੈ (ਲੂਕਾ 12:57), ਪਰ ਖ਼ੁਦਾਈ ਨਿਯਮ ਦੇ ਹੋਣ ਤੇ ਰਸੂਲਾਂ ਦੀ ਉਦਾਹਰਣ ਹੀ ਲਾਗੂ ਹੁੰਦੀ ਹੈ।

ਨਿਯਮ ਕਿਸੇ ਕਾਇਦੇ ਜਾਂ ਕੰਮ ਕਰਨ ਦੇ ਢੰਗ ਨੂੰ ਆਖਦੇ ਹਨ। ਬਾਈਬਲ ‘‘ਮੂਲ ਮੰਤਰ’’ ਦੀ ਗੱਲ ਕਰਦੀ ਹੈ (ਇਬਰਾਨੀਆਂ 5:12; ਵੇਖੋ 6:1)। ਸਾਨੂੰ ਇਕ ਖ਼ਾਸ ‘‘ਨਿਯਮ’’ ਜਾਂ ‘‘ਮਾਪਦੰਡ’’ ਚੱਲਣ ਦਾ ਹੁਕਮ ਦਿੱਤਾ ਜਾਂਦਾ ਹੈ (ਗਲਾਤੀਆਂ 6:16; ਫ਼ਿਲਿੱਪੀਆਂ 3:16)।

ਰਸੂਲਾਂ ਦੇ ਕੰਮ 2:38, 41, 42 ਵਿਚ ਅਸੀਂ ਕੁਝ ਪਹਿਲੇ ਨਿਯਮਾਂ ਅਤੇ ਸਿੱਧ ਨਿਯਮਾਂ ਬਾਰੇ ਵੀ ਪੜ੍ਹਦੇ ਹਾਂ। ਦੂਜੇ ਸ਼ਬਦਾਂ ਵਿਚ ਇਨ੍ਹਾਂ ਵਿਚ ਮਸੀਹ ਵਿਚ ਆਉਣ ਅਤੇ ਮਸੀਹ ਵਿਚ ਬਣੇ ਰਹਿਣ ਦੇ ਨਿਯਮ ਦੱਸੇ ਗਏ ਹਨ। ਇਸ ਕਰਕੇ ਇਸ ਉਦਾਹਰਣ ਨੂੰ ਮੰਨਣਾ ਜ਼ਰੂਰੀ ਹੈ। ਖ਼ੁਦਾ ਦੇ ਵਚਨ ਵਿਚ ਇਸ ਬਾਰੇ ਕੋਈ ਬਦਲ ਨਹੀਂ ਦਿੱਤੇ ਗਏ ਹਨ।

ਰਸੂਲਾਂ ਦੇ ਕੰਮ 2:44 ਵਿਚ ਅਸੀਂ ਮੁੱਢਲੀ ਕਲੀਸੀਆ ਵਿਚ ਸਾਂਝੀ ਜਾਇਦਾਦ ਹੋਣ ਦੀ ਗੱਲ ਪੜ੍ਹਦੇ ਹਾਂ। ਭਲਾ ਇਸ ਨਮੂਨੇ ਨੂੰ ਮੰਨਣਾ ਜ਼ਰੂਰੀ ਹੈ? ਨਹੀਂ, ਕਿਉਂਕਿ ਰਸੂਲਾਂ ਦੇ ਕੰਮ 5:4 ਤੋਂ ਸਾਫ਼ ਪਤਾ ਲਗਦਾ ਹੈ ਕਿ ਆਪਣੀਆਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਨਾਲ ਦੇਣਾ ਆਪਣੀ ਇੱਛਾ ਨਾਲ ਹੀ ਹੋ ਸਕਦਾ ਹੈ।

ਰਸੂਲਾਂ ਦੇ ਕੰਮ 6 ਅਧਿਆਇ ਵਿਚ ਕਲੀਸੀਆ ਦੀ ਸੇਵਾ ਲਈ ਸੱਤ ਆਦਮੀਆਂ ਨੂੰ ਚੁਣਨ ਵੇਲੇ ਰਸੂਲਾਂ ਨੇ ਕਿਸੇ ਦੇ ਨਾਂਅ ਦਾ ਸੁਝਾਅ ਨਹੀਂ ਦਿੱਤਾ ਸੀ। ਰਸੂਲਾਂ ਦੀ ਉਦਾਹਰਣ ਇਹ ਹੈ ਕਿ

ਕਲੀਸੀਆ ਹੀ ਆਪਣੇ ਲੋਕਾਂ ਦੀ ਚੋਣ ਕਰੇ (ਰਸੂਲਾਂ ਦੇ ਕੰਮ 6:3)। ਅਸੀਂ ਸਥਾਨਕ ਕਲੀਸੀਆ ਲਈ ਆਪਣਾ ਪ੍ਰਬੰਧ ਆਪੇ ਕਰਨ ਤੋਂ ਇਲਾਵਾ ਨਵੇਂ ਨੇਮ ਵਿਚ ਕਿਸੇ ਹੋਰ ਨਮੂਨੇ ਬਾਰੇ ਨਹੀਂ ਪੜ੍ਹਦੇ ਹਾਂ, ਇਸ ਕਰਕੇ ਰਸੂਲਾਂ ਦਾ ਨਮੂਨਾ ਹੀ ਮੰਨਿਆ ਜਾਣਾ ਜ਼ਰੂਰੀ ਹੈ। ਲਿਖਤ ਵਿਚ ਠਹਿਰਾਈਆਂ ਰੀਤਾਂ ਨੂੰ ਛੱਡ ਕੇ ਕਿਸੇ ਹੋਰ ਦੀ ਮੰਨਣਾ ਕੋਈ ਬਦਲ ਨਹੀਂ ਹੈ।

ਰਸੂਲਾਂ ਦੇ ਕੰਮ 8:9–24 ਵਿਚ ਇਕ ਨਿਯਮ ਬਾਰੇ ਪੜ੍ਹਨ ਨੂੰ ਮਿਲਦਾ ਹੈ ਜਿਹਦੇ ਰਾਹੀਂ ਖ਼ੁਦਾ ਦਾ ਭਟਕਿਆ ਹੋਇਆ ਬਾਲਕ ਖ਼ੁਦਾ ਵੱਲ ਵਾਪਸ ਆ ਸਕਦਾ ਹੈ। ਜੇ ਅਸੀਂ ਤੌਬਾ ਅਤੇ ਦੁਆ ਤੋਂ ਇਲਾਵਾ ਕਿਸੇ ਹੋਰ ਢੰਗ ਬਾਰੇ ਪੜ੍ਹਦੇ, ਤਾਂ ਅਸੀਂ ਇਹ ਨਹੀਂ ਕਹਿ ਸਕਦੇ ਸਾਂ ਕਿ ਰਸੂਲਾਂ ਦੇ ਕੰਮ 8 ਅਧਿਆਇ ਵਾਲੀ ਉਦਾਹਰਣ ਮੰਨਣੀ ਜ਼ਰੂਰੀ ਹੈ। ਪਰ ਬਾਈਬਲ ਵਿਚ ਕਿਤੇ ਵੀ ਹੋਰ ਕੋਈ ਦੂਜਾ ਢੰਗ ਨਹੀਂ ਦਿੱਤਾ ਗਿਆ।

ਰਸੂਲਾਂ ਦੇ ਕੰਮ 11:22 ਵਿਚ ਅਸੀਂ ਵੇਖਦੇ ਹਾਂ ਕਿ ਇਕ ਕਲੀਸੀਆ ਇੰਜੀਲ ਦੇ ਕਿਸੇ ਪ੍ਰਚਾਰਕ ਨੂੰ ਭੇਜ ਕੇ ਕਿਸੇ ਹੋਰ ਕਲੀਸੀਆ ਨਾਲ ਸਹਿਯੋਗ ਕਰ ਸਕਦੀ ਹੈ। ਇਸ ਨਿਯਮ ਦੀ ਦੁਰਵਰਤੋਂ ਹੋ ਸਕਦੀ ਹੈ। ਕੋਈ ਕਹਿ ਸਕਦਾ ਹੈ ਕਿ ਜਿਸ ਕਲੀਸੀਆ ਕੋਲ ਪ੍ਰਚਾਰਕ ਨੂੰ ਭੇਜਿਆ ਜਾਂਦਾ ਹੈ ਉਹ ਦੂਜੀਆਂ ਕਲੀਸੀਆਵਾਂ ਉੱਤੇ ਨਿਰਭਰ ਹੋ ਕੇ ਕਮਜ਼ੋਰ ਹੋ ਜਾਵੇਗੀ। ਕੋਈ ਇਹ ਕਹਿ ਸਕਦਾ ਹੈ ਕਿ ਪ੍ਰਚਾਰਕ ਨੂੰ ਭੇਜਣ ਵਾਲੀ ਕਲੀਸੀਆ ਆਪਣੇ ਆਪ ਨੂੰ ਖ਼ਾਸ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਲੋਕ ਜੋ ਵੀ ਕਹਿਣ, ਪਰ ਇਕ ਕਲੀਸੀਆ ਵੱਲੋਂ ਦੂਜੀ ਕਲੀਸੀਆ ਨੂੰ ਉਹਦੇ ਕੰਮ ਵਿਚ ਮਦਦ ਲਈ ਕਿਸੇ ਨੂੰ ਭੇਜਣਾ ਅੱਜ ਵੀ ਰਸੂਲਾਂ ਵੱਲੋਂ ਠਹਿਰਾਇਆ ਗਿਆ ਸਹੀ ਨਮੂਨਾ ਹੈ। ਪਰ ਭਲਾ ਇਸ ਤੋਂ ਇਹ ਨਿਚੋੜ ਕੱਢਣਾ ਚਾਹੀਦਾ ਹੈ ਕਿ ਇਹ ਨਮੂਨਾ ਮੰਨਣਾ ਜ਼ਰੂਰੀ ਹੈ? ਦੂਜੇ ਸ਼ਬਦਾਂ ਵਿਚ ਭਲਾ ਸਥਾਨਕ ਕਲੀਸੀਆ ਵਿਚ ਸੁਧਾਰ ਦਾ ਸਿਰਫ਼ ਇੱਕੋ ਢੰਗ ਹੈ? ਜ਼ਾਹਿਰ ਤੌਰ ਤੇ ਨਹੀਂ। ਅਫ਼ਸੀਆਂ 4:16 ਕਹਿੰਦਾ ਹੈ, ''ਸਾਰੀ ਦੇਹ ਹਰੇਕ ਜੋੜ ਦੀ ਮਦਦ ਨਾਲ ਠੀਕ ਠੀਕ ਜੁੜ ਕੇ ਅਤੇ ਇਕ ਸੰਗ ਮਿਲ ਕੇ ਇਕ ਇਕ ਅੰਗ ਦੇ ਵੱਲ ਕੰਮ ਕਰਨ ਦੇ ਅਨੁਸਾਰ ਆਪਣੇ ਆਪ ਨੂੰ ਵਧਾਈ ਜਾਂਦੀ ਹੈ ਭਈ ਉਹ ਪ੍ਰੇਮ ਵਿਚ ਆਪਣੀ ਉਸਾਰੀ ਕਰੇ।'' ਤਾਂ ਵੀ ਨਵੇਂ ਨੇਮ ਵਿਚ ਨਮੂਨੇ ਦਾ ਇਹੀ ਢੰਗ ਮੰਨਿਆ ਜਾਂਦਾ ਹੈ।

ਰਸੂਲਾਂ ਦੇ ਕੰਮ 11 ਅਧਿਆਇ ਵਿਚ ਇਕ ਹੋਰ ਉਦਾਹਰਣ ਮਿਲਦੀ ਹੈ, ਜਦ ਭਾਈਆਂ ਦੀ ਇਕ ਜਮਾਤ ਨੇ ਕਿਸੇ ਹੋਰ ਕਲੀਸੀਆ ਜਾਂ ਕਲੀਸੀਆਵਾਂ ਲਈ ਮਾਲੀ ਮਦਦ ਭੇਜੀ। ਕੋਈ ਇਹ ਬਹਿਸ ਕਰ ਸਕਦਾ ਹੈ ਕਿ ਅਜਿਹਾ (1) ਸਿਰਫ਼ ਐਮਰਜੰਸੀ ਵਿਚ ਹੋਣਾ ਚਾਹੀਦਾ ਹੈ, (2) ਰਾਹਤ ਸਿਰਫ਼ ਭਾਈਆਂ ਲਈ ਹੀ ਹੋਣੀ ਚਾਹੀਦੀ ਹੈ। (3) ਰਾਹਤ ਦਾ ਕੋਈ ਵੀ ਕੰਮ ਕਿਸੇ ਖ਼ਾਸ ਇਲਾਕੇ ਜਾਂ ਡਾਇਓਸਿਸ ਦੀ ਹੱਦ ਤੋਂ ਬਾਹਰ ਨਹੀਂ ਵਰਤਿਆ ਹੋਣਾ ਚਾਹੀਦਾ ਅਤੇ (4) ਇਹ ਭਾਈਆਂ ਵੱਲੋਂ ਹੀ ਭੇਜਿਆ ਜਾਣਾ ਚਾਹੀਦਾ ਹੈ। ਅਜਿਹਾ ਕਰਨ ਦਾ ਮਤਲਬ ਗੱਲ ਨੂੰ ਤੂਲ ਦੇਣਾ ਹੈ। ਇਹ ਬਹਿਸ ਕਰਨਾ ਕਿ ਕਿਸੇ ਦੂਜੀ ਕਲੀਸੀਆ ਦੀ ਮਦਦ ਲਈ ਇਕ ਕਲੀਸੀਆ ਵਲੋਂ ਪੈਸੇ ਭੇਜਣ ਨਾਲ ਉਸ ਦਾ ਆਪਣਾ ਪ੍ਰਬੰਧ ਖ਼ਤਮ ਹੋ ਜਾਵੇਗਾ, ਇਹ ਤਰਕ ਦੇਣਾ ਹੈ ਕਿ ਅੰਤਾਕੀਆ ਦੀ ਕਲੀਸੀਆ ਨੇ ਆਪਣੀ ਖ਼ੁਦਮੁਖ਼ਤਿਆਰੀ ਗੁਆ ਦਿੱਤੀ ਸੀ। ਇਹ ਦਾਅਵਾ ਕਰਨਾ ਕਿ ਮਦਦ ਭੇਜਣ ਵਾਲੇ ਲੋਕ ਗਲਤ ਹਨ, ਇਹ ਕਹਿਣਾ ਹੈ ਕਿ ਯਹੂਦੀਆ ਦੀ ਮੰਡਲੀ ਦੇ ਐਲਡਰਾਂ ਨੇ ਗਲਤ ਕੰਮ ਕੀਤਾ ਸੀ। ਉਨ੍ਹਾਂ ਨੇ ਆਪਣੇ ਵਿੱਤੋਂ ਬਾਹਰ ਰਾਹਤ ਯੋਜਨਾ ਲਈ ਮਦਦ ਭੇਜੀ। ਡਿਕਸ਼ਨਰੀ ਮੁਤਾਬਿਕ ''ਮਦਦ ਭੇਜਣ ਵਾਲਾ ਸਪੌਂਸਰ ਉਹ ਹੁੰਦਾ ਹੈ ਜਿਹੜਾ ਕਿਸੇ ਦੂਜੇ ਬੰਦੇ ਜਾਂ ਚੀਜ਼ ਦੀ ਜ਼ਿੰਮੇਵਾਰੀ ਲੈਂਦਾ ਹੈ, ਜਾਂ ਉਸ ਨੂੰ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ।''

ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਅੱਗੇ ਪੜ੍ਹਦਿਆਂ 13 ਅਤੇ 14 ਅਧਿਆਇ ਵਿਚ ਅਸੀਂ ਵੇਖਦੇ ਹਾਂ ਕਿ ਕਲੀਸੀਆ ਨੇ ਪ੍ਰਚਾਰਕਾਂ ਨੂੰ ਬਾਹਰ ਭੇਜਿਆ ਅਤੇ ਕਲੀਸੀਆ ਨੂੰ ਉਨ੍ਹਾਂ ਦੇ ਕੰਮ ਦੀ ਚੰਗੀ ਖ਼ਬਰ ਮਿਲੀ। ਕਿਸੇ ਤਰ੍ਹਾਂ ਦੀ ਮਿਸ਼ਨਰੀ ਸੋਸਾਇਟੀ ਦੀ ਉਦਾਹਰਣ ਨਹੀਂ ਦਿੱਤੀ ਗਈ ਇਸ

ਕਰਕੇ ਕਲੀਸੀਆ ਨੂੰ ਹੀ ਖ਼ੁਦਾ ਦੀ ਮਿਸ਼ਨਰੀ ਸੋਸਾਇਟੀ ਹੋਣ ਦੀ ਰਸੂਲਾਂ ਦੀ ਉਦਾਹਰਣ ਮੰਨਿਆ ਜਾਣਾ ਜ਼ਰੂਰੀ ਹੈ। ਰਸੂਲਾਂ ਦੇ ਕੰਮ 14:23 ਵਿਚ ਸਾਨੂੰ ਹਰੇਕ ਕਲੀਸੀਆ ਵਿਚ ਐਲਡਰਾਂ ਦੇ ਇਕ ਤੋਂ ਵੱਧ ਹੋਣ ਦਾ ਪਤਾ ਲਗਦਾ ਹੈ। ਕਿਉਂਕਿ ਬਾਈਬਲ ਵਿਚ ਕੋਈ ਹੋਰ ਉਦਾਹਰਣ ਨਹੀਂ ਹੈ ਇਸ ਕਰਕੇ ਇਸੇ ਹੀ ਉਦਾਹਰਣ ਨੂੰ ਜ਼ਰੂਰੀ ਮੰਨਣਾ ਚਾਹੀਦਾ ਹੈ।

ਰਸੂਲਾਂ ਦੇ ਕੰਮ 18:3 ਵਿਚ ਅਸੀਂ ਸਿੱਖਦੇ ਹਾਂ ਕਿ ਪੌਲੁਸ ਆਪਣੀ ਆਮਦਨ ਵਧਾਉਣ ਲਈ ਤੰਬੂ ਬਣਾਉਣ ਦਾ ਕਿੱਤਾ ਕਰਦਾ ਸੀ। ਭਲਾ ਇਹ ਉਦਾਹਰਣ ਮੰਨਣੀ ਜ਼ਰੂਰੀ ਹੈ? ਭਲਾ ਕੋਈ ਆਦਮੀ ਤਰਖ਼ਾਣਾ ਕੰਮ ਕਰ ਸਕਦਾ ਹੈ? ਭਲਾ ਕੋਈ ਕਲੀਸੀਆ ਦੀ ਮਦਦ ਨਾਲ ਸਿਰਫ਼ ਪ੍ਰਚਾਰਕ ਦਾ ਕੰਮ ਕਰ ਸਕਦਾ ਹੈ? ਬੇਸ਼ੱਕ ਬਾਈਬਲ ਇਹ ਸਾਫ਼ ਕਰਦੀ ਹੈ ਕਿ ਇਸ ਬਾਰੇ ਇੰਜੀਲ ਦੇ ਪ੍ਰਚਾਰਕਾਂ ਕੋਲ ਆਪਣੇ ਬਦਲ ਹਨ ਭਾਵ ਉਹ ਚਾਹੁਣ ਤਾਂ ਅਜਿਹਾ ਕਰ ਸਕਦੇ ਹਨ (1 ਕੁਰਿੰਥੀਆਂ 9:11–14; 2 ਕੁਰਿੰਥੀਆਂ 11:8)। ਪਰ ਤੰਬੂ ਬਣਾਉਣ ਲਈ ਰਸੂਲਾਂ ਦਾ ਨਮੂਨਾ ਮੰਨਣਾ ਜ਼ਰੂਰੀ ਨਹੀਂ ਹੈ।

ਰਸੂਲਾਂ ਦੇ ਕੰਮ 20:7–9 ਵਿਚ ਰੋਟੀ ਤੋੜਨ ਲਈ ਪ੍ਰਭੂ ਦੇ ਦਿਨ ਤੀਜੀ ਮੰਜ਼ਲ ਤੇ ਰਾਤ ਨੂੰ ਇਕੱਠੇ ਹੋਣ ਬਾਰੇ ਪਤਾ ਲਗਦਾ ਹੈ। ਭਲਾ ਰਾਤ ਨੂੰ? ... ਤੀਜੀ ਮੰਜ਼ਿਲ ਤੇ? ਪ੍ਰਭੂ ਦੇ ਦਿਨ? ਇਕੱਠੇ ਹੋਣਾ ਕੋਈ ਨਿਯਮ ਹੈ? ਹੋਰ ਆਇਤਾਂ (ਇਬਰਾਨੀਆਂ 10:25; ਪ੍ਰਕਾਸ਼ ਦੀ ਪੋਥੀ 1:10) ਤੋਂ ਪਤਾ ਲਗਦਾ ਹੈ ਕਿ ਅਹਿਮੀਅਤ ਸਿਰਫ਼ ਹਫ਼ਤੇ ਦੇ ਪਹਿਲੇ ਦਿਨ ਦੀ ਹੈ।

ਖ਼ੁਦਾ ਚਾਹੁੰਦਾ ਹੈ ਕਿ ਅਸੀਂ ਉਸ ਦੇ ਨਵੇਂ ਨੇਮ ਵਿਚ ਅਚਾਨਕ ਹੋਣ ਵਾਲੀਆਂ ਗੱਲਾਂ ਅਤੇ ਖ਼ੁਦਾਈ ਨਿਯਮਾਂ ਵਿਚ ਫ਼ਰਕ ਕਰਨਾ ਸਿੱਖੀਏ।